# **ਪ੍ਰੈਸ ਨੋਟ**

ਮਿਤੀ 14.03.2022

ਸ੍ਰੀ Dhruman H. Nimbale IPS, ਸੀਨੀਅਰ ਪੁਲਿਸ ਕਪਤਾਨ, ਹੁਸ਼ਿਆਰਪੁਰ ਵਲੋਂ ਪ੍ਰੈਸ ਨੂੰ ਪ੍ਰੈਸ ਨੋਟ ਜਾਰੀ ਕਰਦੇ ਹੋਏ ਦੱਸਿਆ ਕਿ ਮਿਤੀ 11/12 ਮਾਰਚ 2022 ਦੀ ਦਰਮਿਆਨੀ ਰਾਤ ਨੂੰ ਪਿੰਡ ਢਡਿਆਲਾ ਥਾਣਾ ਟਾਂਡਾ ਦੇ ਰੇਲਵੇ ਲਾਈਨ ਪਾਸ ਰਾਤ ਵੇਲੇ 17 ਗਾਵਾਂ ਅਤੇ ਬਲਦਾਂ ਨੂੰ ਮਾਰ ਕੇ ਉਹਨਾਂ ਦੇ ਪਿੰਜਰ ਰੇਲਵੇ ਲਾਈਨ ਪਾਸ ਸੁੱਟ ਦਿੱਤੇ ਸਨ। ਘਟਨਾ ਬਹੁਤ ਹੀ ਸਨਸਨੀਖੇਜ ਅਤੇ ਦੁੱਖਦਾਇਕ ਸੀ। ਘਟਨਾ ਦੀ ਜਾਣਕਾਰੀ ਉਪਰੰਤ ਮਾਨਯੋਗ ਡੀ.ਜੀ.ਪੀ. ਸਾਹਿਬ ਪੰਜਾਬ, ਚੰਡੀਗੜ੍ਹ ਅਤੇ ਮਾਨਯੋਗ ਸ੍ਰੀ ਅਰੁਨਪਾਲ ਸਿੰਘ ਆਈ.ਜੀ ਸਾਹਿਬ ਜਲੰਧਰ ਵਲੋਂ ਘਟਨਾ ਨੂੰ ਅੰਜਾਮ ਦੇਣ ਵਾਲੇ ਅਪਰਾਧੀਆਂ ਨੂੰ ਜਲਦ ਤੋਂ ਜਲਦ ਗ੍ਰਿਫਤਾਰ ਕਰਨ ਲਈ ਐਸ.ਐਸ.ਪੀ. ਹੁਸ਼ਿਆਰਪੁਰ ਨੂੰ ਦਿਸ਼ਾ-ਨਿਰਦੇਸ਼ ਦਿੱਤੇ ਗਏ ਸਨ, ਕਿਉਂਕਿ ਘਟਨਾ ਦਾ ਏਰੀਆ ਰੇਲਵੇ ਪੁਲਿਸ ਨਾਲ ਸਬੰਧਿਤ ਸੀ। ਇਸ ਕਰਕੇ ਥਾਣਾ GRP ਜਲੰਧਰ ਵਲੋਂ ਮੁੱਕਦਮਾ ਨੰਬਰ 22 ਮਿਤੀ 12-03-2022 ਜੁਰਮ 3, 5, 8 Prevention of Cow Slaughter Act. ਅਤੇ ਅ.ਧ. 295-A ਦਰਜ ਅਤੇ ਵਾਧਾ ਜੁਰਮ 120-B, 153-A, 212, 216 IPC ਕੀਤਾ ਗਿਆ। ਮਾਮਲੇ ਨੂੰ ਗੰਭੀਰਤਾ ਨਾਲ ਲੈਂਦੇ ਹੋਏ, ਸੀਨੀਅਰ ਪੁਲਿਸ ਕਪਤਾਨ, ਹੁਸ਼ਿਆਰਪੁਰ ਵਲੋਂ ਕਪਤਾਨ ਪੁਲਿਸ (ਤਫਤੀਸ਼) ਸ੍ਰੀ ਮੁੱਖਤਿਆਰ ਰਾਏ (P.P.S) ਦੀ ਅਗਵਾਈ ਹੇਠ ਉਪ-ਪੁਲਿਸ ਕਪਤਾਨ (ਡਿਟੈਕਟਿਵ) ਸ੍ਰੀ ਸਰਬਜੀਤ ਰਾਏ (P.P.S), ਉੱਪ ਪੁਲਿਸ ਕਪਤਾਨ ਟਾਂਡਾ ਸ੍ਰੀ ਰਾਜ ਕੁਮਾਰ (P.P.S), ਇੰਚਾਰਜ਼ ਸੀ.ਆਈ.ਏ ਹੈਡਕੁਆਟਰ ਇੰਸਪੈਕਟਰ ਲ਼ਖਬੀਰ ਸਿੰਘ ਅਤੇ ਮੁੱਖ ਅਫਸਰ ਥਾਣਾ ਟਾਂਡਾ ਹਰਿੰਦਰ ਸਿੰਘ ਅਤੇ ਜੀ.ਆਰ.ਪੀ. ਵਲੋਂ ਐਸ.ਪੀ. ਸ੍ਰੀ ਪ੍ਰਵੀਨ ਕੰਡਾ, ਡੀ.ਐਸ.ਪੀ. ਅਸ਼ਵਨੀ ਅੱਤਰੀ ਅਤੇ ਮੁੱਖ ਅਫਸਰ ਜੀ.ਆਰ.ਪੀ. ਇੰਸਪੈਕਟਰ ਬਲਵੀਰ ਸਿੰਘ ਦੀਆਂ ਵਿਸ਼ੇਸ਼ ਟੀਮਾਂ ਦਾ ਗਠਨ ਕਰਕੇ ਤਫਤੀਸ਼ ਨੂੰ ਤਕਨੀਕੀ ਢੰਗ ਨਾਲ ਅਤੇ ਖੁਫੀਆ ਤਰੀਕੇ ਨਾਲ ਸੋਰਸ ਲਗਾ ਕੇ ਮੁੱਕਦਮੇ ਨੂੰ ਟਰੇਸ ਕੀਤਾ ਗਿਆ ਹੈ ਅਤੇ ਮੁੱਕਦਮਾ ਵਿੱਚ ਫਿੱਗਰ ਹੋਏ 3 ਵਿਅਕਤੀਆਂ ਸਾਵਨ, ਸਤਪਾਲ, ਅਤੇ ਸੁਰਜੀਤ ਲਾਲ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਦੋਰਾਨੇ ਤਫਤੀਸ਼ ਗ੍ਰਿਫਤਾਰ ਕੀਤੇ ਗਏ ਦੋਸ਼ੀਆਂ ਦੀ ਪੁੱਛ ਗਿੱਛ ਤੋਂ ਉਹਨਾਂ ਨਾਲ ਇਸ ਅਪਰਾਧ ਵਿੱਚ ਸ਼ਾਮਿਲ ਅਤੇ ਪਨਾਹ ਦੇਣ ਵਾਲੇ ਵਿਅਕਤੀਆਂ ਜੀਵਨ ਅਲੀ, ਕਮਲਜੀਤ ਕੌਰ, ਸਲਮਾ ਅਤੇ ਅਨਬਰ ਹੁਸੈਨ ਨੂੰ ਵੀ ਗ੍ਰਿਫਤਾਰ ਗਿਆ ਹੈ। ਗ੍ਰਿਫਤਾਰ ਦੋਸ਼ੀਆਂ ਦੀ ਮੁੱਢਲੀ ਪੁੱਛ ਗਿੱਛ ਤੋਂ ਇਹ ਗੱਲ ਸਾਹਮਣੇ ਆਈ ਹੈ ਕਿ ਦੋਸ਼ੀ ਸੁਰਜੀਤ ਸਿੰਘ ਉਰਫ ਪੱਪੀ ਤੇ ਪਹਿਲਾਂ ਵੀ 5 ਅਪਰਾਧਕ ਮਾਮਲੇ ਅਧੀਨ ਧਾਰਾ 411, 201, 414, 379, 411 ਅਤੇ Prohibition of cow slaughter Act. ਅਧੀਨ ਜਲੰਧਰ ਅਤੇ ਹੁਸ਼ਿਆਰਪੁਰ ਵਿਖੇ ਦਰਜ ਹਨ। ਮੱਕਦਮਾ ਹਜਾ ਵਿੱਚ ਗਾਵਾਂ ਦੀ ਢੋਅ ਢੁਆਈ ਲਈ ਵਰਤੇ ਗਏ ਕੈਂਟਰ ਅਤੇ ਹਥਿਆਰਾਂ ਨੂੰ ਬ੍ਰਾਮਦ ਕੀਤਾ ਜਾ ਚੁੱਕਾ ਹੈ। ਮੁੱਕਦਮਾ ਵਿੱਚ ਲੋੜੀਂਦੇ ਹੋਰ ਦੋਸ਼ੀਆਂ ਦੀ ਗ੍ਰਿਫਤਾਰੀ ਲਈ ਅਲੱਗ-ਅਲੱਗ ਟੀਮਾਂ ਬਣਾ ਕੇ ਛਾਪੇਮਾਰੀ ਕੀਤੀ ਜਾ ਰਹੀ ਹੈ। ਇਹਨਾਂ ਦੋਸ਼ੀਆਂ ਦੀ ਪੁੱਛ-ਗਿੱਛ ਤੋਂ ਹੋਰ ਵੀ ਦੋਸ਼ੀਆਂ ਬਾਰੇ ਸੁਰਾਗ ਲਗਾਇਆ ਜਾਵੇਗਾ। ਮੁੱਕਦਮਾ ਦੀ ਤਫਤੀਸ਼ ਇੰਸਪੈਕਟਰ ਬਲਵੀਰ ਸਿੰਘ ਮੁੱਖ ਅਫਸਰ ਥਾਣਾ ਜੀ.ਆਰ.ਪੀ. ਜਲੰਧਰ ਵਲੋਂ ਕੀਤੀ ਜਾ ਰਹੀ ਹੈ। ਮੁੱਕਦਮਾ ਵਿੱਚ ਗ੍ਰਿਫਤਾਰ ਕੀਤੇ ਦੋਸ਼ੀਆਂ ਦਾ ਰਿਮਾਂਡ ਹਾਸਲ ਕਰਕੇ ਹੋਰ ਵੀ ਡੂੰਘਾਈ ਨਾਲ ਪੁੱਛ ਗਿੱਛ ਕੀਤੀ ਜਾਵੇਗੀ। ਮੁੱਕਦਮੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਉਪਰੋਕਤ ਟੀਮਾਂ ਵਲੋਂ ਦਿਨ ਰਾਤ ਕੰਮ ਕਰਕੇ ਮੁੱਕਦਮੇ ਨੂੰ 36 ਘੰਟੇ ਵਿੱਚ ਟਰੇਸ ਕਰਨ ਵਿੱਚ ਸਫਲਤਾ ਹਾਸਿਲ ਕੀਤੀ ਗਈ ਹੈ।

**ਗ੍ਰਿਫਤਾਰ ਦੋਸ਼ੀ:-**

1. ਸਾਵਨ ਪੁੱਤਰ ਹਰਜੀਤ ਵਾਸੀ ਕੋਟਲੀ ਸ਼ੇਖਾ ਥਾਣਾ ਆਦਮਪੁਰ ਜਿਲ੍ਹਾ ਜਲੰਧਰ
2. ਸਤਪਾਲ ਉਰਫ ਪੱਪੀ ਪੁੱਤਰ ਕੁਲਦੀਪ ਵਾਸੀ ਕੋਟਲੀ ਸ਼ੇਖਾ ਥਾਣਾ ਆਦਮਪੁਰ ਜਿਲ੍ਹਾ ਜਲੰਧਰ
3. ਸੁਰਜੀਤ ਲਾਲ ਉਰਫ ਸੋਨੂੰ ਪੁੱਤਰ ਜਗਦੀਸ਼ ਵਾਸੀ ਪਿੰਡ ਜੱਫਲ ਝੀਂਗੜਾਂ ਜਿਲ੍ਹਾ ਜਲੰਧਰ
4. ਜੀਵਨ ਅਲੀ ਪੁੱਤਰ ਵਿਜੇ ਅਲੀ ਵਾਸੀ ਥਾਬਲਕੇ ਥਾਣਾ ਨਕੋਦਰ ਜਿਲ੍ਹਾ ਜਲੰਧਰ
5. ਕਮਲਜੀਤ ਕੌਰ ਪਤਨੀ ਦਿਲਾਵਰ ਖਾਨ ਵਾਸੀ ਥਾਬਲਕੇ ਥਾਣਾ ਨਕੋਦਰ ਜਿਲ੍ਹਾ ਜਲੰਧਰ
6. ਸਲਮਾ ਪਤਨੀ ਅਨਬਰ ਹੁਸੈਨ ਵਾਸੀ ਬਡਾ ਪਿੰਡ ਰੋਡ ਗੁਰਾਇਆ ਜਿਲ੍ਹਾ ਜ਼ਲਧੰਰ
7. ਅਨਬਰ ਹੁਸੈਨ ਪੁੱਤਰ ਰਫੀਮ ਮੁਹੰਮਦ ਵਾਸੀ ਬਡਾ ਪਿੰਡ ਰੋਡ ਗੁਰਾਇਆ ਜਿਲ੍ਹਾ ਜ਼ਲਧੰਰ

**ਬ੍ਰਾਮਦਗੀ**:- 1. ਇੱਕ ਕੈਂਟਰ ਨੰਬਰ PB-08-BS-9164

2. ਇੱਕ ਹਥੋੜਾ, 3 ਛੁਰੀਆਂ, 3 ਗੰਡਾਸੀਆਂ, 2 ਦਾਤਰ, 3 ਸੂਏ, 1 ਟਕੂਆ